**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ**

ਹੁਕਮ ਨੰ: 5/286-2010 ਦਅ(3) ਕੋ:ਸੈ:4
ਮਿਤੀ, ਐਸ.ਏ.ਐਸ.ਨਗਰ :- 12.08.15

ਸ੍ਰੀਮਤੀ ਗੁਰਬਖਸ਼ ਕੌਰ, ਐਸ.ਐਲ.ਏ, ਸਕੰਸਸਸ ਉੜਮੁੜ ਟਾਂਡਾ, ਜਿਲਾ ਹੁਸਿਆਰਪੁਰ ਜੋ ਮਿਤੀ 13.11.2001 ਤੋਂ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ-ਹਾਜ਼ਰ ਚੱਲੀ ਆ ਰਹੀ ਹੈ, ਨੂੰ ਵਿਭਾਗ ਦੇ ਹੁਕਮ ਨੰ: 5/286-10 ਦਅ(3) ਮਿਤੀ 21.12.10 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੀ ਧਾਰਾ 8 ਦੇ ਨਿਯਮ 5(viii) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਕਰਮਚਾਰਨ ਵੱਲੋ ਦੋਸ਼ ਸੂਚੀ ਦਾ ਉੱਤਰ ਪ੍ਰਾਪਤ ਨਾ ਹੋਣ ਕਾਰਨ ਉਸ ਵਿਰੁੱਧ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸਿਆਰਪੁਰ ਨੂੰ ਵਿਭਾਗ ਦੇ ਹੁਕਮ ਨੰ: 5/286-10 ਦਅ(3) ਮਿਤੀ 12.03.13/05.04.13 ਰਾਹੀਂ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਮਿਤੀ 06-01-2015 ਵਿੱਚ ਕਰਮਚਾਰਨ ਵਿਰੁੱਧ ਮਿਤੀ 13-11-2001 ਤੋਂ ਲਗਾਤਾਰ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ। ਇਸ ਪੜਤਾਲ ਰਿਪੋਰਟ ਅਨੁਸਾਰ ਸ੍ਰੀਮਤੀ ਗੁਰਬਖਸ਼ ਕੌਰ, ਐਸ.ਐਲ.ਏ, ਸਕੰਸਸਸ ਉੜਮੁੜ ਟਾਂਡਾ, ਜਿਲਾ ਹੁਸਿਆਰਪੁਰ ਮਿਤੀ 15.09.14 ਨੂੰ ਪੜਤਾਲੀਆ ਅਫਸਰ ਕੋਲ ਹਾਜ਼ਰ ਹੋਈ ਅਤੇ ਉਸ ਨੇ ਇਹ ਬਿਆਨ ਦਿੱਤਾ ਕਿ ਉਹ ਪੱਕੇ ਤੌਰ ਤੇ ਇਟਲੀ ਵਿਖੇ ਰਹਿ ਰਹੀ ਹੈ। ਇਸ ਲਈ ਵਿਭਾਗ ਉਸ ਦੀਆਂ ਸੇਵਾਵਾਂ ਖਤਮ ਕਰ ਦੇਵੇ, ਤਾਂ ਉਸ ਨੂੰ ਕੋਈ ਇਤਰਾਜ ਨਹੀਂ ਹੋਵੇਗਾ।

ਇਸ ਸਬੰਧ ਵਿੱਚ ਵਿਭਾਗ ਦੇ ਪੱਤਰ ਨੰ:5/286-10 ਦਅ(4)/5578-79 ਮਿਤੀ 16.06.15 ਰਾਹੀਂ ਕਰਮਚਾਰਨ ਨੂੰ ਮਿਤੀ 03.07.15 ਨੂੰ ਡੀ.ਪੀ.ਆਈ(ਸੈਸਿ) ਪੰਜਾਬ ਦੇ ਦਫਤਰ ਵਿੱਚ ਨਿਜੀ ਸੁਣਵਾਈ ਲਈ ਬੁਲਾਇਆ ਗਿਆ ਪਰੰਤੂ ਇਹ ਕਰਮਚਾਰਨ ਇਸ ਦਿਨ ਵੀ ਦਫਤਰ ਵਿਖੇ ਹਾਜਰ ਨਹੀਂ ਹੋਈ ਅਤੇ ਨਾ ਹੀ ਉਸ ਨੇ ਇਸ ਸਬੰਧ ਵਿੱਚ ਕੋਈ ਜਵਾਬ ਭੇਜਿਆ। ਇਸ ਲਈ ਸਪਸ਼ਟ ਹੈ ਕਿ ਸ੍ਰੀਮਤੀ ਗੁਰਬਖਸ਼ ਕੌਰ, ਐਸ.ਐਲ.ਏ, ਸਕੰਸਸਸ ਉੜਮੁੜ ਟਾਂਡਾ, ਜਿਲਾ ਹੁਸਿਆਰਪੁਰ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸ ਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਵਿਚ ਦਿੱਤੀਆ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸ੍ਰੀਮਤੀ ਗੁਰਬਖਸ਼ ਕੌਰ, ਐਸ.ਐਲ.ਏ, ਸਕੰਸਸਸ ਉੜਮੁੜ ਟਾਂਡਾ, ਜਿਲਾ ਹੁਸਿਆਰਪੁਰ ਦੇ ਮਿਤੀ 13.11.2001 ਤੋਂ ਹੁਣ ਤੱਕ ਲਗਾਤਾਰ ਜਾਣਬੁਝ ਕੇ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 13719-22 ਮਿਤੀ, ਐਸ.ਏ.ਐਸ.ਨਗਰ :- 19/8/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਹੁਸਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ, ਸਕੰਸਸਸ ਉੜਮੁੜ ਟਾਂਡਾ, ਜਿਲਾ ਹੁਸਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਹੀ ਭੇਜੇ ਜਾਣ, ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ੍ਰੀਮਤੀ ਗੁਰਬਖਸ਼ ਕੌਰ, ਐਸ.ਐਲ.ਏ, ਸਕੰਸਸਸ ਉੜਮੁੜ ਟਾਂਡਾ, ਜਿਲਾ ਹੁਸਿਆਰਪੁਰ।

ਸੁਪਰਡੰਟ ਕੋਆਰਡੀਨੇਸ਼ਨ ਸੈਲ